ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 26 ਦਸੰਬਰ ,1999

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# 21ਵੀਂ ਸਦੀ ਵਿਚ ਮਨੁੱਖ ਦਾ ਨਿਸ਼ਾਨਾ ਬਰਾਬਰੀ ਦਾ ਸਮਾਜ ਬਣਾਉਣਾ ਹੈ

ਪਿਛਲੇ ਇਕ ਹਫ਼ਤੇ ਵਿਚ ਦੋ ਖ਼ਬਰਾਂ ਹਰ ਸੋਚਣ ਵਾਲੇ ਦਾ ਧਿਆਨ ਖਿੱਚਦੀਆਂ ਹਨ। ਇਕ ਖ਼ਬਰ ਦਿੱਲੀ ਤੋਂ ਇਹ ਹੈ ਕਿ ਉਥੋਂ ਦੀ ਇਕ ਰੱਜੀ-ਪੁੱਜੀ ਕਾਲੋਨੀ ਵਿਚ ਘਰਾਂ ਦੇ ਬਾਹਰ ਖੜ੍ਹੀਆਂ ਦੋ ਕਾਰਾਂ ਨੂੰ ਸ਼ਾਮ ਵੇਲੇ ਅੱਗ ਲਾ ਦਿੱਤੀ ਗਈ। ਫਾਇਰ ਬ੍ਰਿਗੇਡ ਵਾਲੇ ਹਾਲੀ ਅੱਗ ਬੁਝਾਕੇ ਹਟੇ ਹੀ ਸਨ ਕਿ ਨਾਲ ਦੀ ਸੜਕ 'ਤੇ ਖੜ੍ਹੀਆਂ ਸਾਰੀਆਂ ਕਾਰਾਂ ਨੂੰ ਅੱਗ ਲਾ ਦਿੱਤੀ ਗਈ ਹੈ। ਖ਼ਬਰਾਂ ਤਾਂ ਇਹੀ ਹਨ ਕਿ ਸ਼ਰਾਰਤੀ ਲੋਕਾਂ ਨੇ ਇਹ ਸ਼ਰਾਰਤ ਕੀਤੀ ਹੈ ਜਾਂ ਸਮਾਜ ਦੁਸ਼ਮਣ ਅਨਸਰ ਨੇ ਇਹ ਤਮਾਸ਼ਾ ਕੀਤਾ ਹੈ। ਪਕੜਿਆ ਕੋਈ ਨਹੀਂ ਗਿਆ।

ਦੂਜੀ ਖ਼ਬਰ ਇਹ ਵੀ ਹੈ ਕਿ ਇਕ ਵਿਉਪਾਰੀ ਦੇ ਘਰ ਜਦੋਂ ਇਨਕਮ ਟੈਕਸ ਵਾਲਿਆਂ ਨੇ ਛਾਪਾ ਮਾਰਿਆ ਤਾਂ ਕਰੋੜਾਂ ਰੁਪਿਆਂ ਦੇ ਨੋਟ ਮਿਲੇ। ਨੋਟ ਗਿਣਨ ਲਈ ਮਸ਼ੀਨਾਂ ਦੀ ਅਤੇ ਬੈਂਕ ਕਰਮਚਾਰੀਆਂ ਦੀ ਸਹਾਇਤਾ ਲੈਣੀ ਪਈ ਅਤੇ ਇਹ ਕੰਮ ਪੂਰਾ ਕਰਨ ਲਈ ਉਹਨਾਂ ਨੂੰ ਚਾਰ ਦਿਨ ਅਤੇ ਰਾਤਾਂ ਲਗਾਉਣੀਆਂ ਪਈਆਂ। ਦੇਸ਼ ਵਿਚ ਗ਼ਰੀਬਾਂ ਦੀ ਕੀ ਹਾਲਤ ਹੈ, ਉਹ ਕਿਸੇ ਕੋਲੋਂ ਭੁੱਲੀ ਨਹੀਂ ਹੋਈ। ਅਮੀਰੀ ਅਤੇ ਗਰੀਬੀ ਦਾ ਪਾੜਾ ਹੁਣ ਪੁਕਾਰ-ਪੁਕਾਰ ਕੇ ਕਹਿ ਰਿਹਾ ਹੈ ਕਿ ਅਮੀਰ ਲੋਕੋ, ਖ਼ਬਰਦਾਰ ਹੋ ਜਾਵੋ, ਲੋਕਾਈ ਇਹ ਪਾੜਾ ਬਰਦਾਸ਼ਤ ਨਹੀਂ ਕਰੇਗੀ। ਇਹ ਕਾਰਾਂ ਨੂੰ ਅੱਗ ਲੱਗਣੀ ਹੀ ਲੱਗਣੀ ਹੈ। ਤੁਹਾਡੀਆਂ ਕੋਠੀਆਂ, ਬੰਗਲਿਆਂ, ਫਾਰਮ ਹਾਊਸਾਂ ਦੇ ਸ਼ੀਸ਼ੇ ਟੁੱਟਣੇ ਹੀ ਟੁੱਟਣੇ ਹਨ। ਮੱਤ ਸਮਝੋ ਕਿ ਤੁਸੀਂ ਮੈਰਿਜ ਪੈਲਸਾਂ ਵਿਚ ਆਪਣੀ ਦੌਲਤ ਦਾ ਹੋਛਾ ਵਿਖਾਵਾ ਕਰਦੇ ਹੋਵੋ ਤਾਂ ਲੋਕ ਸਭ ਕੁਝ ਦੇਖਦੇ ਰਹਿਣ। ਇਹ ਬਰਦਾਸ਼ਤ ਕਰਦੇ ਰਹਿਣਗੇ।

1991 ਤੋਂ ਬਾਅਦ ਜਦੋਂ ਦੀਆਂ ਖੁੱਲ੍ਹੇ ਵਪਾਰ ਦੀਆਂ ਨੀਤੀਆਂ ਸ਼ੁਰੂ ਹੋਈਆਂ ਹਨ, ਅਮੀਰਾਂ ਨੇ ਬੜੀ ਬੇਸ਼ਰਮੀ ਨਾਲ ਕਹਿਣਾ ਸ਼ੁਰੂ ਕੀਤਾ ਹੈ, ਜੇਕਰ ਬਹੁਤੇ ਲੋਕ ਗਰੀਬ ਨੇ, ਅਸੀਂ ਕੀ ਕਰੀਏ? ਸਾਡੇ ਕੋਲ ਪੈਸਾ ਹੈ ਤਾਂ ਅਸੀਂ ਕਿਉਂ ਨਾ ਜਾ ਕੇ ਹੋਟਲਾਂ ਵਿਚ ਅਯਾਸ਼ੀ ਕਰੀਏ? ਅਸੀਂ ਕਿਉਂ ਨਾ ਵਧੀਆ ਤੋਂ ਵਧੀਆ ਸ਼ਰਾਬਾਂ ਪੀਈਏ? ਕਿਉਂ ਨਾ ਸੋਹਣੀਆਂ ਤੋਂ ਸੋਹਣੀਆਂ ਕੁੜੀਆਂ ਨਾਲ ਹਮਬਿਸਤਰ ਹੋਈਏ? ਸ਼ਰਾਬ ਪੀ ਕੇ ਕਿਉਂ ਨਾ ਆਮ ਲੋਕਾਂ ਨੂੰ ਕਾਰਾਂ ਥੱਲੇ ਲਿਤਾੜੀਏ? ਕੋਈ ਕਿਸੇ ਵੀ ਦੇਸ਼ ਵਿਚ ਪੈਦਾ ਹੋਇਆ ਹੋਵੇ ਉਸਨੂੰ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਮੁਹੱਈਆ ਹੋਣਗੀਆਂ। ਹਰ ਇਕ ਬੱਚੇ ਨੂੰ ਬਰਾਬਰ ਦੀ ਪੜ੍ਹਾਈ ਦਾ ਕਾਨੂੰਨੀ, ਲਾਜ਼ਮੀ ਅਤੇ ਬੁਨਿਆਦੀ ਹੱਕ ਹੋਵੇਗਾ। ਹਰ ਵਿਅਕਤੀ ਲਈ ਬਰਾਬਰ ਦੀਆਂ ਸਿਹਤ ਸਹੂਲਤਾਂ ਮੁਹੱਈਆ ਹੋਣਗੀਆਂ। ਇਹ ਗਰੰਟੀ ਹੋਵੇਗੀ ਕਿ ਹਰ ਇਕ ਨੂੰ ਸਹੀ ਕਿਸਮ ਦਾ ਰਹਿਣਾ-ਸਹਿਣਾ ਮਿਲੇ। ਚੰਗੇ ਰੋਟੀ, ਕੱਪੜੇ, ਮਕਾਨ ਦੀ ਗਰੰਟੀ ਹੋਵੇ। ਸਾਇੰਸ ਨੇ ਇਹ ਸਹੂਲਤਾਂ ਮੁਹੱਈਆ ਕਰ ਦਿੱਤੀਆਂ ਹਨ। ਮਨੁੱਖ ਸੁਪਨੇ ਵੀ ਲੈ ਸਕਦਾ ਹੈ, ਉਮੀਦ ਵੀ ਕਰ ਸਕਦਾ ਹੈ। ਇਹਨਾਂ ਸੁਪਨਿਆਂ ਨੂੰ ਸਹੀ ਦਿਸ਼ਾ ਦੇਣੀ ਅੱਜ ਦੀ ਸਮਾਜਿਕ ਨਿਆਂ ਵਾਲੀ ਰਾਜਨੀਤੀ ਦਾ ਵੱਡਾ ਫਰਜ਼ ਹੈ। ਲੋਕ ਸੰਘਰਸ਼ ਜ਼ਰੂਰੀ ਹਨ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪੁਲਿਸ ਜਬਰ ਅਤੇ ਔਰਤਾਂ 'ਤੇ ਹੋ ਰਹੇ ਸਮਾਜਿਕ ਜਬਰ ਦੇ ਵਿਰੁੱਧ ਸੰਘਰਸ਼ ਜ਼ਰੂਰੀ ਹਨ, ਪਰ ਇਹ ਹੋਰ ਵੀ ਜ਼ਰੂਰੀ ਹੈ ਕਿ ਅਸੀਂ ਸੰਘਰਸ਼ਾਂ ਦਾ ਅੰਤਿਮ ਨਿਸ਼ਾਨਾ ਮਿਥੀਏ। ਇਹ ਨਿਸ਼ਾਨਾ ਬਰਾਬਰੀ ਦਾ ਸਮਾਜ ਬਣਾਉਣ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦਾ।

ਜਦੋਂ ਅਸੀਂ ਆਜ਼ਾਦੀ ਦੀ ਲੜਾਈ ਲੜ ਰਹੇ ਸੀ, ਉਸ ਵੇਲੇ ਭਾਵੇਂ 'ਸਾਈਮਨ ਕਮਿਸ਼ਨ ਗੋ ਬੈਕ' ਦੇ ਨਾਅਰੇ ਲਾਉਂਦੇ ਹੋਈਏ, ਭਾਵੇਂ ਸਾਂਡਰਸ ਨੂੰ ਗੋਲੀ ਮਾਰ ਰਹੇ ਹੋਈਏ, ਅਸੈਂਬਲੀ ਵਿਚ ਬੰਬ ਸੁੱਟਦੇ ਹੋਈਏ, ਲੂਣ ਸਤਿਆਗ੍ਰਹਿ ਕਰ ਰਹੀਏ ਹੋਈਏ, ਨਿਸ਼ਾਨਾ ਇਕੋ ਸੀ ਕਿ ਅੰਗਰੇਜ਼ ਨੂੰ ਦੇਸ਼ ਤੋਂ ਬਾਹਰ ਕੱਢਣਾ ਹੈ। ਇਸੇ ਤਰ੍ਹਾਂ ਅੱਜ ਇਹ ਨਿਸ਼ਾਨਾ ਹੈ ਕਿ ਬਰਾਬਰੀ ਦਾ ਸਮਾਜ ਬਣਾਉਣਾ ਹੈ। ਇਹਨੂੰ 50 ਜਾਂ 100 ਸਾਲ ਲੱਗ ਸਕਦੇ ਹਨ, ਪਰ ਲੋਕਾਈ ਨੇ ਇਹ ਨਿਸ਼ਾਨਾ ਪੂਰਾ ਕਰਨਾ ਹੈ। ਪਿਛਲੀ ਸਦੀ ਆਜ਼ਾਦੀ ਦੀ ਸਦੀ ਸੀ ਇਹ ਸਦੀ ਬਰਾਬਰੀ ਦੀ ਸਦੀ ਹੈ। ਸਰਕਾਰ, ਸਿਆਸਤ ਤੇ ਸਿਆਸੀ ਪਾਰਟੀਆਂ ਇਸ ਰਾਹੇ ਆਉਣਾ ਹੀ ਪਏਗਾ। ਨਹੀਂ ਤਾਂ ਉਹ ਬੇਅਰਥ ਹੋ ਕੇ ਰਹਿ ਜਾਣਗੀਆਂ। ਇਹ ਸਮੇਂ ਦੀ ਚੁਣੌਤੀ ਹੈ, ਕਬੂਲ ਕਰਨੀ ਹੀ ਪਵੇਗੀ।

ਨਵੀਂ ਸਦੀ ਚੜ੍ਹ ਰਹੀ ਹੈ, ਇਸ ਵਿਚ ਕੀ ਹੋਵੇਗਾ? ਵੱਖ-ਵੱਖ ਲੋਕ ਨਵੇਂ ਸਾਲ ਨੂੰ ਵੱਖ-ਵੱਖ ਤਰੀਕੇ ਨਾਲ ਮਨਾਉਣਗੇ। ਰਾਤੀਂ 12 ਵਜੇ ਜਾਮ ਤੇ ਜਾਮ ਵੀ ਟਕਰਾਏਗਾ, ਮੋਮਬੱਤੀਆਂ ਦੀ ਰੋਸ਼ਨੀ ਵਿਚ ਨਾਚ-ਗਾਣਾ ਵੀ ਹੋਵੇਗਾ ਪਰ ਕੁਝ ਲੋਕਾਂ ਲਈ ਇਸ ਦਿਨ ਸਦੀ ਵਿਚ ਨਵੇਂ ਸੰਕਲਪ ਵੀ ਬਣਨਗੇ। ਇਹ ਸੰਕਲਪ ਹੈ ਕਿ ਇਸ ਸਦੀ ਵਿਚ ਸਮਾਜ ਵਿਚ ਬਰਾਬਰੀ ਲਿਆਵਾਂਗੇ।

•••